FirstRanker.com
Firstranker's choice
www.FirstRanker.com www.FirstRanker.com

This question paper consists of **14** questions and **8** printed pages.

ਇਸ ਪ੍ਰਸ਼ਨ-ਪੱਤਰ ਵਿੱਚ **14** ਪ੍ਰਸ਼ਨ ਹਨ ਅਤੇ **8** ਮੁਦਰਿਤ ਪੰਨੇ ਹਨ ।

Roll No.
ਰੋਲ ਨੰ: ਅੰਕਾਂ ਵਿਚ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

# ਪੰਜਾਬੀ
# (210)

**Code No. 50/S/A/P**

**SET A**

ਪਰਿਖਿਆ ਦਾ ਦਿਨ ਅਤੇ ਮਿਤੀ ..........................................................................

ਨਿਰੀਖਕਾਂ ਦੇ ਦਸਖ਼ਤ 1. ..........................................
2. ..........................................

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉੱਪਰ ਪਹਿਲੇ ਪੰਨੇ ਤੇ ਛਪੇ ਨੰਬਰਾਂ ਨਾਲ ਮਿਲਦੇ ਹੋਣੇ ਚਾਹੀਦੇ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕ੍ਰਮਾਨੁਸਾਰ (ਸੀਰਿਅਲ) ਅਨੁਸਾਰ ਹੋਵੇ ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿਤਾ ਜਾਵੇਗਾ ।
5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 50/S/A/P, Set A ਜ਼ਰੂਰ ਲਿਖੋ ।



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

# ਪੰਜਾਬੀ

# (210)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

ਨੋਟ : (1) **ਸਾਰੇ** ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(2) **ਸਾਰੇ** ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੇ ਉੱਤਰ ਲਿਖੋ ।

(3) ਪ੍ਰਸ਼ਨ 2 (i) ਤੋਂ (xv) ਤੱਕ ਦੇ **ਚਾਰ-ਚਾਰ** ਵਿਕਲਪਿਤ ਉੱਤਰ ਦਿੱਤੇ ਹੋਏ ਹਨ, ਸਹੀ ਵਿਕਲਪ ਨੂੰ ਹੀ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ ।

1. ਹੇਠ ਲਿਖੇਂ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2 × 4 = 8**

"ਮਨੁੱਖ ਅਤੇ ਸਭਿਆਚਾਰ ਦੋ ਅਜਿਹੇ ਸ਼ਬਦ ਹਨ ਜਿਹੜੇ ਆਪਣੇ ਆਪ ਵਿੱਚ ਪੀਡੇ ਰੂਪ ਵਿੱਚ ਸੰਬੰਧਿਤ ਹਨ । ਅਸਲ ਵਿੱਚ ਮਨੁੱਖ ਦੀ ਸਾਰਥਕਤਾ, ਭੂਮਿਕਾ, ਸ੍ਰੇਸ਼ਟਾ, ਮਹਾਨਤਾ ਅਤੇ ਇਤਿਹਾਸਕ ਪ੍ਰਾਪਤੀ ਦਾ ਸੰਦਰਭ ਸਭਿਆਚਾਰ ਨਾਲ ਹੀ ਜੁੜਿਆ ਹੋਇਆ ਹੈ । ਕੁਦਰਤ ਆਪਣੇ ਆਪ ਵਿਚ ਵਿਗਸ ਰਹੀ ਇਕਾਈ ਹੈ । ਇਸ ਦੇ ਕ੍ਰਿਸ਼ਮੇਂ ਅਜੂਬੇ ਅਤੇ ਨਜਾਰਿਆਂ ਨੂੰ ਖੋਜਣਾ, ਸਾਧਨਾ ਉਨ੍ਹਾਂ ਦੇ ਪਿੱਛੇ ਕਾਰਜਸ਼ੀਲ ਸੋਮਿਆ ਤੇ ਅਧਾਰਿਤ ਗਿਆਨ, ਵਿਗਿਆਨ ਦੀ ਉਸਾਰੀ ਮਨੁੱਖ ਦੀ ਕਿਸੇ ਇੱਕ ਦਿਨਾਂ ਦੀ ਪ੍ਰਾਪਤੀ ਨਹੀਂ, ਸਗੋਂ ਸਦੀਆਦਾ ਇਤਿਹਾਸ, ਮਿਥਿਹਾਸ ਇਸ ਨੂੰ ਬਣਾਉਂਦਾ, ਉਸਾਰਦਾ ਤੇ ਨਿਖਾਰਦਾਂ ਰਿਹਾ ਹੈ । ਕਦੇ ਮੁੱਢਲੇ ਦੌਰ ਦੀਆਂ ਇਤਿਹਾਸਕ ਸੀਮਾਵਾਂ ਕਰਕੇ ਮਨੁੱਖੀ ਸਭਿਆਚਾਰ ਦੀ ਵਿਆਖਿਆ ਉੱਤੇ ਧਰਮ ਮਿਥਿਹਾਸ ਅਤੇ ਆਦਰਸ਼ਕ ਦ੍ਰਿਸ਼ਟੀਕੋਣ ਦਾ ਪ੍ਰਛਾਵਾਂ ਰਿਹਾ, ਪ੍ਰੰਤੂਜਿਉਂ ਹੀ ਮਨੁੱਖੀ ਚੇਤਨਾ ਨੇ ਵਿਕਾਸ ਕੀਤਾ ਉਸ ਨੇ ਨਵੀਨ ਵਿਗਿਆਨਿਕ ਪਦਾਰਥਵਾਦੀ ਦ੍ਰਿਸ਼ਟੀਕੋਣ ਅਨੁਸਾਰ ਜਿੰਦਗੀ, ਕੁਦਰਤ ਮਨੁੱਖ ਅਤੇ ਸਭਿਆਚਾਰ ਦੀ ਵਿਆਖਿਆ ਕਰਨੀ ਆਰੰਭ ਦਿੱਤੀ । ਪ੍ਰੰਤੂ ਇਸ ਦ੍ਰਿਸ਼ਟੀ-ਭੇਦ ਅਤੇ ਵਿਆਖਿਆ ਦੀ ਵਿਧੀ ਵਿੱਚ ਮਨੁੱਖ ਅਤੇ ਜਿੰਦਗੀ ਕਦੇ ਵੀ ਖਾਰਜ ਨਹੀਂ ਹੋਏ ਸਗੋਂ ਇਹ ਵਿਆਖਿਆ ਵਿਸ਼ੇਸ਼ ਇਤਿਹਾਸਕ ਦੋਰਾਂ ਵਿੱਚ ਮਨੁੱਖ ਦੀ ਸੰਸਾਰਿਕ ਤ੍ਰਿਪਤੀ ਵੀ ਕਰਦੀ ਰਹੀ ਹੈ । ਉਂਜ ਕਈ ਵਾਰੀ ਤਾਂ ਇਉਂ ਵੀ ਲਗਦਾ ਹੈ ਕੁਦਰਤ, ਸਭਿਆਚਾਰ ਅਤੇ ਮਾਨਵੀ ਸਿਰਜਨਾਵਾਂ, ਆਪਣੇ ਸੁਭਾਵਕ ਪ੍ਰਵਾਹ ਵਿੱਚ ਬਣਦੇ, ਵਿਗਸਦੇ ਰਹਿੰਦੇ ਹਨ । ਸਿਧਾਂਤ ਦੀ ਉਪਜ ਇਹਨਾਂ ਸਿਰਜਨਾਂਵਾਂ ਤੋਂ ਬਾਅਦ ਵਿੱਚ ਹੀ ਹੁੰਦੀ ਹੈ । ਇਤਿਹਾਸ ਦੇ ਮੁੱਢਲੇ ਦੌਰ ਵਿੱਚ ਸਿਧਾਤਾਂ ਨੂੰ ਅਧਾਰ ਬਣਾਕੇ ਸਭਿਆਚਾਰ ਦੀ ਸਿਰਜਣਾ ਨਹੀਂ ਸੀ ਹੁੰਦੀ ਸਗੋਂ ਸਭਿਆਚਾਰਕ ਪ੍ਰਾਪਤੀਆਂ ਦੇ ਆਧਾਰ ਉਤੇ ਹੀ ਮਨੁੱਖ ਸਿਧਾਂਤ ਦੀ ਉਸਾਰੀ ਕਰਦਾ ਆਇਆ ਹੈ ।"

(i) ਅਮਨ ਵਿੱਚ ਮਨੁੱਖ ਦੀਆਂ ਕਿਹੜੀਆਂ ਗੱਲਾਂ ਦਾ ਸੰਦਰਭ ਸਭਿਆਚਾਰ ਨਾਲ ਜੁੜਿਆ ਹੋਇਆ ਹੈ ?



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

(ii) ਕੁਦਰਤ ਦੇ ਕ੍ਰਿਸ਼ਮੇ, ਅਜੂਬੇ ਅਤੇ ਨਜ਼ਾਰਿਆਂ ਨੂੰ ਖੋਜਣਾ, ਸਾਧਨਾ, ਫਿਰ ਗਿਆਨ, ਵਿਗਿਆਨ ਦੀ ਉਸਾਰੀ ਕਿਵੇਂ ਹੁੰਦੀ ਹੈ ?

(iii) ਪਹਿਲੇ ਪਹਿਲ ਮਨੁੱਖੀ ਚੇਤਨਾ ਦਾ ਵਿਕਾਸ ਕਿਸ ਕਾਰਨ ਘੱਟ ਹੋਇਆ ?

(iv) ਮਨੁੱਖੀ ਸਿਧਾਂਤਾਂ ਤੇ ਸਿਰਜਨਾ ਦਾ ਆਪਸੀ ਕੀ ਸੰਬੰਧ ਹੈ ?

2. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1 x 15 = 15**

(i) ਗੁਰਮੁੱਖੀ ਲਿਪੀ ਦੇ ਕਿੰਨੇ ਦੁੱਤ ਅੱਖਰ ਹਨ :

(A) ਚਾਰ (B) ਦੋ

(C) ਤਿੰਨ (D) ਪੰਜ

(ii) ਨਿੰਦਿਆਂ ਦਾ ਵਿਰੋਧੀ ਸ਼ਬਦ ਕਿਹੜਾ ਹੈ :

(A) ਵਿਸਾਹ (B) ਤਸੱਲੀ

(C) ਉਸਤੱਤ (D) ਸਬਰ

(iii) ਪੰਜਾਬੀ ਵਿੱਚ ਕਿੰਨੇ ਬਗਾਖਰ ਹਨ :

(A) ਪੰਜ (B) ਦੋ

(C) ਤਿੰਨ (D) ਚਾਰ

(iv) ਮਨੁੱਖ ਆਪਣੇ ਮਨ ਦੇ ਵਿਚਾਰਾਂ ਨੂੰ ਕਿਵੇਂ ਪਰਗਟ ਕਰਦਾ ਹੈ :

(A) ਲਿਪੀ ਰਾਹੀਂ (B) ਗਾ ਕੇ

(C) ਇਸ਼ਾਰਿਆਂ ਨਾਲ (D) ਬੋਲੀ ਰਾਹੀਂ

(v) ਬਿੰਦੀ ਦੀ ਵਰਤੋਂ ਕਿਸ ਅੱਖਰ ਦੇ ਥਾਂ ਤੇ ਹੁੰਦੀ ਹੈ :

(A) ਲ (B) ਜ

(C) ਝ (D) ਨ

(vi) ਗੁਰਮੁੱਖੀ ਲਿਪੀ ਦੇ ਉਹ ਕਿਹੜੇ ਦੋ ਅੱਖਰ ਹਨ ਜਿਹੜੇ ਨਾ ਮਾਤਰਾਂ ਤੋਂ ਨਹੀਂ ਲਿਖੇ ਜਾਂਦੇ :

(A) ਅ (B) ਏ

(C) ੳ (D) ਹ



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

(vii) ਔਂਕੜ੍ਹ ਦੁਲੈਂਕੜ ਤੇ ਹੋੜਾ, ਮਾਤਰਾਵਾਂ ਗੁਰਮੁਖੀ ਲਿਪੀ ਦੇ ਕਿਹੜੇ ਸੂਰ ਅੱਖਰ ਨਾਲ ਲਾਈਆਂ ਜਾਂਦੀਆ ਹਨ :

(A) ਅ (B) ੲ

(C) ੳ (D) ਕਿਸੇ ਨਾਲ ਨਹੀਂ

(viii) 'ਯੋਜਕ' ਕਿਸ ਨੂੰ ਕਹਿੰਦੇ ਹਨ :

(A) ਉਹ ਸ਼ਬਦ ਜੋ ਅੱਖਰਾਂ ਨੂੰ ਜੋੜਨ ਦਾ ਕੰਮ ਕਰਦਾ ਹੈ ।

(B) ਉਹ ਸ਼ਬਦ ਜੋ ਦੋ ਨਾਵਾਂ ਤੇ ਪੜਨਾਂਵਾਂ ਨੂੰ ਜੋੜਨ ਦਾ ਕੰਮ ਕਰਦਾ ਹੈ ।

(C) ਉਹ ਸ਼ਬਦ ਜੋ ਦੋ ਵਾਕਾਂ ਨੂੰ ਜੋੜਨ ਦਾ ਕੰਮ ਕਰਦਾ ਹੈ ।

(D) ਉਹ ਸ਼ਬਦ ਜੋ ਦੋ ਕਿਰਿਆਵਾਂ ਨੂੰ ਜੋੜਨ ਦਾ ਕੰਮ ਕਰਦਾ ਹੈ ।

(ix) ਨਾਂਵ ਸ਼ਬਦ ਕਿਸ ਗੱਲ ਦਾ ਗਿਆਨ ਦਿੰਦੇ ਹਨ ?

(A) ਨਾਂਵ ਸ਼ਬਦ ਕਿਰਿਆ ਦਾ ਗਿਆਨ ਦਿੰਦੇ ਹਨ ।

(B) ਨਾਂਵ ਸ਼ਬਦ ਭਾਸ਼ਾ ਦਾ ਗਿਆਨ ਦਿੰਦੇ ਹਨ ।

(C) ਨਾਂਵ ਸ਼ਬਦ ਮਨੁੱਖ, ਵਸਤੂ ਜਾਂ ਸਥਾਨ ਦਾ ਗਿਆਨ ਦਿੰਦੇ ਹਨ ।

(D) ਨਾਂਵ ਸ਼ਬਦ ਪੜਨਾਂਵ ਦਾ ਗਿਆਨ ਦਿੰਦੇ ਹਨ ।

(x) 'ਉਪ' ਅਗੇਤਰ ਲਾਕੇ ਸ਼ਹੀ ਸ਼ਬਦ ਹੈ :

(A) ਉਪਦੇਸ (B) ਉਪਕਾਰ

(C) ਉਪ ਰਾਸ਼ਟਰਪਤੀ (D) ਉਪਮਾ

(xi) 'ਖਾਨਾ' ਪਿਛੇਤਰ ਲਾਕੇ ਗਲਤ ਸ਼ਬਦ ਹੈ :

(A) ਡਾਕਖਾਨਾ (B) ਸ਼ਫ਼ਾਖਾਨਾ

(C) ਕਾਰਖਾਨਾ (D) ਘਰਖਾਨਾ

(xii) ਹੇਠ ਲਿਖੇ ਸ਼ਬਦਾਂ ਵਿੱਚ ਕਿਹੜਾ ਸ਼ਬਦ ਇਸਤਰੀ ਲਿੰਗ ਹੈ :

(A) ਹਥੌੜਾ (B) ਤਲਵਾਰ

(C) ਖੰਡਾ (D) ਤੀਰ

(xiii) ਸਰਵੇਸ਼ ਜਾਂਦਾ ਹੈ ਵਿੱਚ 'ਜਾਂਦਾ ਹੈ' ਕਿਰਿਆ ਕਿਹੜੀ ਹੈ :

(A) ਸਕਰਮਕ ਕਿਰਿਆ (B) ਸਹਾਇਕ ਕਿਰਿਆ

(C) ਅਕਰਮਕ ਕਿਰਿਆ (D) ਕੋਈ ਵੀ ਕਿਰਿਆ ਨਹੀਂ



FirstRanker.com
Firstranker's choice
www.FirstRanker.com

(xiv) ਪੜਨਾਂਵ ਕਿਸ ਨੂੰ ਕਹਿੰਦੇ ਹਨ ? ਸਹੀ ਵਿਕਲਪ ਚੁਣੋ :

(A) ਜੋ ਸ਼ਬਦ ਕਿਸੇ ਮਨੁਖ ਦੇ ਗੁਣ ਦਸਦੇ ਹਨ ।

(B) ਜੋ ਸ਼ਬਦ ਕਿਸ ਪ੍ਰਾਣੀ ਦੀ ਜਾਂ ਵਸਤੂ ਦੀ ਗਿਣਤੀ ਦਸਦੇ ਹਨ ।

(C) ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਂਵ ਦੀ ਥਾਂ ਤੇ ਹੋਵੇ ।

(D) ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਅਖਰਾਂ ਦੇ ਮਿਲਣ ਤੇ ਬਣਦੇ ਹਨ ।

(xv) 'ਮਾਮੀ' ਦਾ ਬਹੁ ਵਚਨ ਮਾਮੀਆਂ 'ਆ' ਲਾ ਕੇ ਬਣਦਾ ਹੈ ਪਰ ਹੇਠ ਲਿਖੇ ਸ਼ਬਦਾਂ ਵਿਚੋਂ ਕਿਹੜਾ 'ਆ' ਨਾਲ ਬਹੁ ਵਚਨ ਨਹੀਂ ਬਣਦਾ :

(A) ਹਾਥੀ (B) ਖਾਣਾ

(C) ਧੀ (D) ਪਾਣੀ

3. ਹੇਠ ਲਿਖੇ ਅਖਾਣ ਮੁਹਾਵਰਿਆਂ ਨੂੰ ਪੂਰਾ ਕਰੋ : **1 x 5 = 5**

(i) ਗਰੀਬਾਂ ਰੱਖੇ ਰੋਜ਼ੇ ..............................

(ii) ਜਿਤਨਾ ਗੁੜ ਪਾਉਗੇ ..............................

(iii) ਕੁੱਤੇ ਦੀ ਮੌਤ ..............................

(iv) ਸਿਰ ਤੇ ਹੱਥ ..............................

(v) ਹੱਥ ਤੰਗ ..............................

4. ਹੇਠ ਲਿਖੀ ਵਾਰਤਾ ਨੂੰ ਵਿਸ਼ਰਾਮ ਚਿੰਨ੍ਹ ਲਾਕੇ ਲਿਖੋ : **3**

"ਦੇਸ ਦਾ ਸਮੁੱਚਾ ਪ੍ਰਬੰਧ ਦੇਖਣ ਨੂੰ ਤਾਂ ਰਾਜਸੱਤਾ ਕੋਲ ਜਾਪਦਾ ਹੈ ਪਰ ਇਸ ਦਾ ਸੰਚਾਲਨ ਪੂੰਜੀਪਤੀ ਧਿਰਾਂ ਦੇ ਹੱਥ ਵਿੱਚ ਹੁੰਦਾ ਹੈ ਰਾਜ ਸੱਤਾ ਦੁਆਰਾ ਲਾਗੂ ਕੀਤੇ ਜਾਂਦੇ ਫੈਸਲੇ ਪੂੰਜਪਤੀ ਧਿਰ ਦੇ ਮੁਨਾਫੇ ਦਾ ਸਾਧਨ ਬਣਦੇ ਹਨ ਇਸ ਪ੍ਰਕਿਰਿਆ ਦੁਆਰਾ ਦੇਸ ਦਾ ਆਮ ਆਦਮੀ ਆਪਣੇ ਹੱਕਾਂ ਤੋਂ ਵਾਂਝਾ ਹੋ ਜਾਂਦਾ ਹੈ"

5. ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਬਹੁ-ਅਰਥਕ ਵਾਕ ਬਣਾਕੇ ਅਰਥ ਸਪਸ਼ਟ ਕਰੋ : **1 x 2 = 2**

ਸੂਤ, ਘੋੜਾ



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

6. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲਗਪਗ 250 ਸ਼ਬਦਾਂ ਦਾ ਭਾਵ ਪੂਰਤ ਲੇਖ ਲਿਖੋ : **10**

   (i) ਮੋਬਾਈਲ ਫੋਨ ਦਾ ਵਧ ਰਿਹਾ ਚਲਣ ।

   (ii) 'ਸੋ ਕਿਉਂ ਮੰਦਾ ਆਖੀਐ ਜਾਂ ਸਮਾਜ ਵਿੱਚ ਇਸਤਰੀ ਦਾ ਸਥਾਨ'

   (iii) ਭ੍ਰਿਸ਼ਟਾਚਾਰ ।

   (iv) ਬੇ-ਰੁਜ਼ਗਾਰੀ ਦੀ ਸਮੱਸਿਆ ।

7. ਤੁਸੀਂ ਕਿਤੇ ਘਰ ਤੋਂ ਬਾਹਰ ਰਹਿਕੇ ਕੋਈ ਪੜ੍ਹਾਈ ਕਰ ਰਹੇ ਹੋ, ਉਹ ਪੂਰੀ ਹੋਣ ਵਾਲੀ ਹੈ । ਤੁਹਾਡੇ ਪਿਤਾ ਜੀ ਤੁਹਾਡਾ ਵਿਆਹ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਪੱਤਰ ਲਿਖਕੇ ਦੱਸੋ ਕਿ ਤੁਸੀਂ ਹਾਲੇ ਵਿਆਹ ਨਹੀਂ ਕਰਨਾ ਚਾਹੁੰਦੇ, ਕਾਰਨ ਵੀ ਦੱਸੋ । **7**

**ਜਾਂ**

ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਨਗਰ ਵਿੱਚ ਵੱਧ ਰਹੀ ਗੁੰਡਾ ਗਰਦੀ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ ; ਪੁਲਿਸ ਨੂੰ ਤਾਕੀਦ ਕੀਤੀ ਜਾਵੇ ।

8. 'ਹੀਰ ਮੋਏ ਤੇ ਵਿਛੜੇ ਲੋਕਾਂ ਬਾਰੇ, ਦਰਵਾਜੇ ਉੱਤੇ ਆਏ ਰਾਂਝੇ ਜੋਗੀ ਨੂੰ ਕੀ ਆਖਦੀ ਹੈ ?' 100-125 ਸ਼ਬਦਾਂ ਵਿੱਚ ਲਿਖੋ । **5**

**ਜਾਂ**

'ਉੱਠ ਸਾਕੀ ! ਇੱਕ ਹੰਭਲਾ ਮਾਰ, ਨਵਾਂ ਨਸ਼ਾ ਕੋਈ ਕਰ ਤਯਾਰ, ਚੜ੍ਹ ਜਾਵੇ ਸੁਰਤੀ ਅਸਮਾਨੁ ਦਿੱਸਣ ਲੱਗ ਪਏ ਜਹਾਨ' ਲਾ: ਧਨੀਰਾਮ ਚਾਤ੍ਰਿਕ ਇਨ੍ਹਾਂ ਕਾਵਿ ਪੰਗਤੀਆਂ ਵਿੱਚ ਕਿਸ ਪ੍ਰਕਾਰ ਦਾ ਨਵਾਂ ਜਹਾਨ ਚਾਹੁੰਦਾ ਹੈ ? 100-125 ਸ਼ਬਦਾਂ ਵਿੱਚ ਲਿਖੋ ।

9. 'ਸੰਤੋਖ ਸਿੰਘ ਧੀਰ ਦੀ ਕਹਾਣੀ ਮਲੰਗ' ਵਿੱਚ ਦੋਹਾਂ ਬੱਸਾਂ ਦੀਆਂ ਸਵਾਰੀਆਂ 'ਮੁਕਾਬਲੇ' ਨੂੰ ਹਾਸਾ ਸਮਝਦੀਆਂ ਰਹੀਆ, ਫੇਰ ਗੰਭੀਰ ਹੋ ਗਈਆ, ਐਸਾ ਕਿਉਂ ? ਉੱਤਰ 100-125 ਸ਼ਬਦਾਂ ਵਿੱਚ ਲਿਖੋ । **5**

10. 'ਬੇਈਮਾਨ' ਇਕਾਂਗੀ ਦੇ ਪਾਤਰ 'ਮੋਟਰ ਵਾਲੇ' ਦਾ ਪਾਤਰ ਚਿਤਰਨ 100-125 ਸ਼ਬਦਾਂ ਵਿੱਚ ਲਿਖੋ । **5**



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

11. ਵਿਦੇਸ਼ੀਆਂ ਨੇ ਆਪਣੇ 'ਸਫ਼ਰ ਨਾਮਿਆਂ' ਵਿੱਚ ਮਹਾਰਾਜਾ ਰਣਜੀਤ ਸਿੰਘ ਬਾਰੇ ਕੀ ਲਿਖਿਆ ਹੈ ? ਉਸ ਨੂੰ 100-125 ਸ਼ਬਦਾਂ ਵਿੱਚ ਲਿਖੋ । **5**

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **ਇੱਕ-ਇੱਕ** ਵਾਕ ਵਿੱਚ ਲਿਖੋ, ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ : **1 x 12 = 12**

(i) 'ਸਿੰਮਲੁ ਰੁਖੁ ਸਰਾਇਰਾ' ਕਿਸ ਬਾਣੀ ਦਾ ਟੋਟਾ ਹੈ ?

(ii) 'ਜੰਗ ਸਿੰਘਾ ਤੇ ਫਰੰਗੀਆਂ ਦੀ' ਕਿਸ ਦੀ ਰਚਨਾ ਹੈ ?

(iii) ਸ਼ਨਰਾਹ ਤੇ ਕੁੜੀ ਕੀ ਕਰਨ ਆਉਂਦੀ ਹੈ ?

(iv) ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰੁ ਸਾਰੇ ਸੰਸਾਰ ਨੂੰ ਗਾਹਕੇ ਕਿੱਥੇ ਮੁੜਨ ਨੂੰ ਜੀ ਕਰਦਾ ਹੈ ?

(v) ਸ. ਗੁਰਬਖਸ਼ ਸਿੰਘ ਪ੍ਰੀਤਲੜੀ ਅਨੁਸਾਰ ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ ?

(vi) ਸ. ਹਰੀ ਸਿੰਘ ਨਲੂਆ ਕਿਸ ਫੌਜਦਾ ਜਰਨੈਲ ਸੀ ?

(vii) ਸ. ਭਗਤ ਸਿੰਘ ਪੜ੍ਹਾਈ ਵਿੱਚ ਕਿਹੋ ਜਿਹਾ ਸੀ ?

(viii) ਕਹਾਣੀਕਾਰ ਕੁਲਵੰਤ ਸਿੰਘ 'ਸਾਂਝ' ਵਿੱਚ ਗੁਆਂਢਣ ਨੇ ਉਸ ਦੀ ਵਹੁਟੀ ਨੂੰ ਸਵੇਰੇ ਉਠਦਿਆ ਸਾਰ ਕੀ ਦੱਸਿਆ ?

(ix) ਕਈ ਵਾਰੀ ਬੱਸਾਂ, ਇੱਕ ਦੂਜੇ ਤੋਂ ਅੱਗੇ ਸਵਾਰੀਆਂ ਲੈਣ ਲਈ ਵੀ ਦੌੜਦੀਆਂ ਹਨ, ਕੀ ਤੁਸੀਂ ਇਸ ਰੁਝਾਨ ਨਾਲ ਸਹਿਮਤ ਹੋ ?

(x) ਬਸ ਦਾ ਕੰਡੱਕਟਰ ਜੀਤ ਬੱਸ ਵਿੱਚ ਡਾਕਟਰਨੀ ਨੂੰ ਕਿੱਥੇ ਬਠਾਉਂਦਾ ਸੀ ?

(xi) ਬੀਮਾ ਕੰਪਨੀ ਦੇ ਮੈਨੇਜਰ ਦੇ ਆਉਣ ਨਾਲ, ਮੋਟਰ ਵਰਕਸ਼ਾਪ ਦੇ ਮੈਨੇਜਰ ਦਾ ਕਿਹੜਾ ਭੇਦ ਖੁਲਦਾ ਹੈ ?

(xii) ਬਸੰਤ ਰਾਮ 'ਬੇਈਮਾਨ' ਇਕਾਂਗੀ ਦਾ ਪਾਤਰ, ਸਮਾਜ ਵਿੱਚ ਹੁੰਦੇ ਘੁਟਾਲਿਆਂ ਬਾਰੇ ਕੀ ਕਹਿੰਦਾ ਹੈ ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : **6 x 2 = 12**

(i) 'ਰਹੀ ਵਾਸਤੇ ਘੱਤ, 'ਸਮੇਂ' ਨੇ ਇੱਕ ਨਾ ਮੰਨੀ । ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ'

ਉਪਰੋਕਤ ਕਾਵਿ ਸਤਰਾਂ ਦਾ ਭਾਵ ਅਰਥ ਸਪਸ਼ਟ ਕਰੋ ।

(ii) ਕਵੀ ਸ਼ਿਵਕੁਮਾਰ ਬਿਟਾਲਵੀ ਅੰਤ ਵਿੱਚ ਰੁੱਖਾਂ ਨੂੰ ਕਿਸ ਨਾਲ ਤੁਲਣਾ ਦਿੰਦਾ ਹੈ ? ਤੇ ਉਸ ਤੋਂ ਕੀ ਖੈਰ ਮੰਗਦਾ ਹੈ ?



FirstRanker.com
Firstranker's choice
www.FirstRanker.com

(iii) ਸ. ਸੁਜਾਨ ਸਿੰਘ ਆਪਣੀ ਕਹਾਣੀ 'ਸਵਰਗ ਦੀ ਝਲਕ' ਵਿੱਚ ਰਿਕਸ਼ਾ ਵਾਲੇ ਨੂੰ ਪੈਸੇ ਦਿੰਦਾ ਹੈ, ਪਰ ਉਹ ਕੀ ਕਹਿਕੇ ਲੈਣ ਤੋਂ ਮਨ੍ਹਾਂ ਕਰ ਦਿੰਦਾ ਹੈ ?

(iv) ਮ. ਰਾਜਾ ਰਣਜੀਤ ਸਿੰਘ ਦੇ ਆਪਣੀ ਪਰਜਾ ਨਾਲ ਕਿਹੋ ਜਿਹੇ ਸੰਬੰਧ ਸਨ ?

(v) ਜਲ੍ਹਿਆਂ ਵਾਲੇ ਬਾਗ ਵਿੱਚੋਂ ਸ਼ਹੀਦਾਂ ਦੇ ਖ਼ੂਨ ਨਾਲ ਭਿੱਜੀ ਹੋਈ ਮਿੱਟੀ ਨੂੰ ਭਗਤ ਸਿੰਘ ਕਿੱਥੇ ਲੈ ਗਿਆ ਸੀ ? ਇਸ ਦਾ ਉਸ ਦੇ ਮਨ ਤੇ ਕੀ ਪ੍ਰਭਾਵ ਪਿਆ ?

(vi) ਸਕੂਲਾਂ ਵਿੱਚ ਕੰਪਿਊਟਰ ਦੀ ਸਹਾਇਤਾ ਨਾਲ ਕੀ ਕੰਮ ਕੀਤਾ ਜਾਂਦਾ ਹੈ ?

14. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50 ਸ਼ਬਦਾਂ ਵਿੱਚ ਲਿਖੋ : **2 × 3 = 6**

(i) ਨਿਰਾ ਸ਼ਰੀਰ ਨਿਵਾਉਣ ਵਾਲੇ ਮਨੁੱਖ ਬਾਰੇ ਗੁਰੂ ਨਾਨਕ ਦੇਵ ਜੀ ਕੀ ਕਹਿੰਦੇ ਹਨ ?

(ii) ਕਹਾਣੀ ਕਾਰ ਅਜੀਤ ਕੌਰ ਹੈ ਨੰਦੂ ਦੀ ਕਹਾਣੀ ਜ਼ਰੂਰ ਲਿਖੇਗੀ, ਐਸਾ ਕਿਉਂ ?

---

firstranker.com
www.FirstRanker.com